CAREERINDIA

SET – 4

Series : GBM/C

ਕੋਡ ਨੰ. **223**

ਰੋਲ ਨੰਬਰ

| | | | | | | |
|---|---|---|---|---|---|---|
| | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **4** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ ਕੁਲ **25** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **4** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **25** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਸਮਾਜਸ਼ਾਸਤ੍ਰ
# (ਪੰਜਾਬੀ ਉਲਥਾ)
# SOCIOLOGY
# (Punjabi Version)

www.careerindia.com

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 80*

*Time allowed : 3 hours* — *Maximum Marks : 80*

**ਵਿਆਪਕ ਨਿਰਦੇਸ਼ :**

*(i)* *ਪ੍ਰਸ਼ਨਾਂ ਦੀ ਕੁਲ ਸੰਖਿਆ 25 ਹੈ ।*

*(ii)* ***ਸਾਰੇ** ਪ੍ਰਸ਼ਨ ਜ਼ਰੂਰੀ ਹਨ ।*

CAREERINDIA

(iii) *ਪ੍ਰਸ਼ਨ ਸੰਖਿਆ* ***1-14*** *ਤਕ ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ* ***2*** *ਅੰਕ ਹਨ । ਇਨ੍ਹਾਂ 'ਚੋਂ ਹਰ ਪ੍ਰਸ਼ਨ ਦਾ ਉੱਤਰ* ***30*** *ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ ।*

(iv) *ਪ੍ਰਸ਼ਨ ਸੰਖਿਆ* ***15-21*** *ਤਕ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ* ***4*** *ਅੰਕ ਹਨ । ਇਨ੍ਹਾਂ 'ਚੋਂ ਹਰ ਪ੍ਰਸ਼ਨ ਦਾ ਉੱਤਰ* ***80*** *ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ ।*

(v) *ਪ੍ਰਸ਼ਨ ਸੰਖਿਆ* ***22-25*** *ਤਕ ਲੰਬੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ* ***6*** *ਅੰਕ ਹਨ । ਇਨ੍ਹਾਂ 'ਚੋਂ ਹਰ ਪ੍ਰਸ਼ਨ ਦਾ ਉੱਤਰ* ***200*** *ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ । ਪ੍ਰਸ਼ਨ ਸੰਖਿਆ* ***25*** *ਦਾ ਉੱਤਰ ਦਿੱਤੇ ਹੋਏ ਪੈਰੇ ਦੇ ਆਧਾਰ ਤੇ ਦੇਣਾ ਹੈ ।*

1. ਸਕਰਮਣ (ਪਰਿਵਰਤਨ) ਕਾਲ ਜਨਸੰਖਿਆ ਵਿਸਫੋਟ ਨਾਲ ਕਿਵੇਂ ਸੰਬੰਧਤ ਹੁੰਦਾ ਹੈ ? **2**

2. ਲੇਸ–ਏ–ਫੇਯਰ ਦਾ ਅਰਥ ਲਿੱਖੋ । **2**

3. ਸੱਤਾਵਾਦੀ ਰਾਜ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਲਿੱਖੋ । **1 + 1 = 2**

4. ਦਲਿਤ ; ਓ.ਬੀ.ਸੀ. ਤੋਂ ਕਿਸ ਤਰ੍ਹਾਂ ਅਲਗ ਹੁੰਦੇ ਹਨ ? **1 + 1 = 2**

5. ਉਦਾਹਰਣ ਦੇ ਕੇ ਦੱਸੋ ਕਿ ਧਾਰਮਕ ਘਟ ਗਿਣਤੀਆਂ ਨੂੰ ਕਿਵੇਂ ਨੁਕਸਾਨ ਉਠਾਉਣਾ ਪੈਂਦਾ ਹੈ । **1 + 1 = 2**

6. ਕਾਸ਼ਤਕਾਰ (ਪਲਾਂਟਰ) ਕਿਵੇਂ ਰਹਿੰਦੇ ਸਨ ? $\frac{1}{2} \times \mathbf{4} = \mathbf{2}$

7. ਪਰਜਾ ਤੰਤਰ ਦੇ ਅਰਥ ਲਿੱਖੋ । **2**

8. ਸਵਤੰਤਰ ਭਾਰਤ ਨੇ ਵਿਸ਼ਵ ਵਿਆਪੀ (ਭੂਮੰਡਲੀ) ਨਜ਼ਰੀਏ ਨੂੰ ਕਿਵੇਂ ਬਣਾਈ ਰਖਿਆ ? **2**

9. ਸਾਡੇ ਦੇਸ਼ ਵਿਚ ਖੇਤੀ ਅਤੇ ਸਭਿਆਚਾਰ ਕਿਵੇਂ ਇਕ ਦੂਜੇ ਨਾਲ ਜੁੜੇ ਹੋਏ ਹਨ ? ਉਦਾਹਰਣ ਦਿਓ । **1 + 1 = 2**

10. ਬੇਨਾਮੀ ਹਥ ਬਦਲੀ (ਇੰਤਕਾਲ) ਤੋਂ ਤੁਸੀਂ ਕੀ ਸਮਝਤੇ ਹੋ ? **2**

www.careerindia.com

CAREERINDIA

11. ਮਜ਼ਦੂਰਾਂ ਦੇ ਪ੍ਰਸਾਰ (ਚੱਕਰ) ਦੇ ਕਾਰਨ ਖੇਤੀ ਮਜ਼ਦੂਰ ਦੇ ਰੂਪ ਵਿਚ ਇਸਤ੍ਰੀਆਂ ਦੀ ਸ਼ਮੂਲੀਅਤ ਕਿਵੇਂ ਵਧੀ ? **2**

12. ਵਿਨਿਵੇਸ਼ ਸ਼ਬਦ ਦਾ ਅਰਥ ਲਿੱਖੋ । **2**

13. ਕਾਰਲ ਮਾਰਕਸ ਦੇ ਅਨੁਸਾਰ 'ਅਲਗਾਵ ਦੀ ਸਥਿਤੀ' ਕੀ ਹੁੰਦੀ ਹੈ ? **2**

14. ਹੜਤਾਲ; ਤਾਲਾਬੰਦੀ ਤੋਂ ਕਿਸ ਤਰਾਂ ਵੱਖ ਹੁੰਦੀ ਹੈ ? **1 + 1 = 2**

15. ਸਕਲ (ਕੁਲ) ਸਾਂਖਿਅਕੀ, ਸਮਾਜਕ ਪਰਘਟਨਾ ਦੀ ਹੌਂਦ ਦੇ ਲਈ ਇਕ ਠੋਸ ਅਤੇ ਮਜ਼ਬੂਤ ਦਲੀਲ ਦੇਂਦੀ ਹੈ । ਸਮਝਾਓ । **4**

**ਜਾਂ**

ਭਾਰਤ ਵਿਚ ਆਯੂ (ਉਮਰ) ਸੰਰਚਨਾ ਵਿਚ ਬਹੁਤ ਜ਼ਿਆਦਾ ਖੇਤਰੀ ਉਤਰਾ-ਚੜਾਅ ਹਨ ? ਕਾਰਨ ਲਿੱਖੋ ।

16. ਐਲਫਰੇਡ ਜੈਲ ਦੇ ਅਨੁਸਾਰ ਬਜ਼ਾਰ ਦੀ ਮਹਤਤਾ ਆਰਥਕ ਕਮਾਂ ਤੋਂ ਕਿਤੇ ਵਧੇਰੇ ਹੈ । ਵਿਆਖਿਆ ਕਰੋ । **4**

17. ਸੂਚਨਾ ਦਾ ਅਧਿਕਾਰ ਕਿਵੇਂ ਰਾਜ ਨੂੰ ਰਾਸ਼ਟਰ ਅਤੇ ਲੋਕਾਂ ਦੇ ਲਈ ਜਵਾਬਦੇਹ ਬਣਾਉਂਦਾ ਹੈ ? ਵਿਆਖਿਆ ਕਰੋ । **2 + 2 = 4**

**ਜਾਂ**

ਰਾਜ ਸਰਕਾਰਾਂ ਸਭਿਆਚਾਰਕ ਵਖੇਵਿਆਂ ਦੇ ਬਾਰੇ ਆਮ ਤੌਰ ਤੇ ਸ਼ੱਕੀ ਕਿਉਂ ਹੁੰਦੀਆਂ ਹਨ ?

18. ਬਸਤੀਵਾਦ (ਉਪਨਿਵੇਸ਼ਵਾਦ) ਨੇ ਲੋਕਾਂ ਦੀ ਆਵਾਜਾਈ ਨੂੰ ਕਾਫੀ ਵਧਾਇਆ ? ਵਿਆਖਿਆ ਕਰੋ । **4**

19. ਸੰਵਿਧਾਨ ਵਿਚ ਪੰਚਾਇਤੀ ਰਾਜ ਨੂੰ ਸ਼ਾਮਲ ਕਰਨ ਦੇ ਲਈ ਡਾ. ਅੰਬੇਦਕਰ ਅਤੇ ਮਹਾਤਮਾ ਗਾਂਧੀ ਰਾਹੀਂ ਦਿਤੀਆਂ ਗਈਆਂ ਦਲੀਲਾਂ ਦੀ ਪੜਤਾਲ ਕਰੋ । **4**

20. ਸੰਸਾਰ ਭਰ ਵਿਚ ਅਸਮਰੱਥਤਾ ਬਾਰੇ ਲੋਕਾਂ ਰਾਹੀਂ ਜੋ ਭਾਵ ਸਮਝਿਆ ਜਾਂਦਾ ਹੈ ਉਸਦੇ ਸਾਂਝੇ ਲਛਣਾਂ ਦਾ ਵਰਨਨ ਉਦਾਹਰਣ ਦੇਂਦੇ ਹੋਏ ਕਰੋ । **4**

21. ਉਨ੍ਹਾਂ ਵਖੋ ਵਖ ਰਾਜਨੀਤਕ ਤਬਦੀਲੀਆਂ ਦੀ ਵਿਆਖਿਆ ਕਰੋ ਜਿਨ੍ਹਾਂ ਨੇ ਭੂਮੰਡਲੀਕਰਨ ਨੂੰ ਤੇਜ਼ੀ ਨਾਲ ਲਿਆਦਾ । **4**

www.careerindia.com

CAREERINDIA

22. ਝਾਰਖੰਡ ਦੇ ਵਿਸ਼ੇਸ਼ ਸੰਦਰਭ ਵਿਚ ਭਾਰਤ ਵਿਚ ਜਨਜਾਤੀ ਪਛਾਣ ਦੀ ਵਿਆਖਿਆ ਕਰੋ । **6**

**ਜਾਂ**

ਬਸਤੀਵਾਦੀ ਸ਼ਾਸਨ ਦੇ ਦੌਰਾਨ ਜਾਤੀ ਸੰਸਥਾ ਕਿਸ ਤਰਾਂ ਨਾਲ ਹੋਰ ਜਿਆਦਾ ਮਜ਼ਬੂਤ ਹੋਈ, ਵਿਆਖਿਆ ਕਰੋ ।

23. ਭਾਰਤੀ ਸਮਾਜ ਵਿਚ ਬਦਲਾਵ ਦੀ ਪਰਕਿਰਿਆ ਦੇ ਰੂਪ ਵਿਚ ਪੱਛਮੀਕਰਣ ਦੀ ਵਿਆਖਿਆ ਕਰੋ । **6**

24. ਉਨ੍ਹਾਂ ਬਦਲਾਵਾਂ ਦੀ ਵਿਆਖਿਆ ਕਰੋ ਜਿਹੜੇ ਕਿ ਸਮਾਚਾਰ ਪਰਤ ਉਦਯੋਗ ਵਿਚ ਹੋ ਰਹੇ ਹਨ । **6**

25. ਹੇਠ ਦਿਤੇ ਗਏ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਹੇਠ ਲਿੱਖੇ ਪ੍ਰਸ਼ਨਾਂ ਦੇ ਉੱਤਰ ਲਿੱਖੋ :

ਸਾਡੇ ਅਜੋਕੇ ਸੂਚਨਾ ਯੁੱਗ ਵਿਚ ਸੰਸਾਰ ਭਰ ਦੇ ਸਮਾਜਕ ਅੰਦੋਲਨ ਗੈਰ ਸਰਕਾਰੀ ਸੰਗਠਨ, ਧਾਰਮਕ ਅਤੇ ਮਨੁਖਤਾ ਵਾਦੀ ਸਮੂਹ, ਮਾਨਵ–ਅਧਿਕਾਰ ਸੰਸਥਾਵਾਂ, ਉਪਭੋਗਤਾ ਸੁਰਖਿਅਣ ਦੀ ਵਕਾਲਤ ਕਰਨ ਵਾਲੇ, ਵਾਤਾਵਰਨ ਅੰਦੋਲਨਕਾਰੀ ਅਤੇ ਜਨਹਿਤ ਵਿਚ ਅੰਦੋਲਨ ਕਰਨ ਵਾਲੇ ਹੋਰ ਲੋਕ; ਜੋ ਇਕ ਬਹੁਤ ਵਡੇ ਖੇਤਰੀ ਅਤੇ ਅੰਤਰ ਰਾਸ਼ਟਰੀ ਜਾਲ ਵਿਚ ਇਕ ਜੁਟ ਹੋਣ ਦੇ ਲਈ ਸਮਰੱਥ ਹਨ ...... ਉਦਾਹਰਣ ਦੇ ਲਈ ਸਿਏਟਲ ਵਿਚ ਵਿਸੁਵ ਵਪਾਰ ਸੰਗਠਨ ਦੇ ਵਿਰੁਧ ਇਕ ਬਹੁਤ ਵਡੇ ਵਿਰੋਧ ਦਾ ਸੰਗਠਨ ਇਕ ਹਦ ਤਕ ਇੰਟਰਨੇਟ–ਅਧਾਰਤ ਜਾਲ ਰਾਹੀਂ ਕੀਤਾ ਗਿਆ ਸੀ ।

(ਅ) ਸਮਾਜਕ ਅੰਦੋਲਨ ਸ਼ਬਦ ਤੋਂ ਤੁਸੀਂ ਕੀ ਸਮਝਦੇ ਹੋ ? **2**

(ਬ) ਅੰਦੋਲਨਾਂ ਦੇ ਭੂਮੰਡਲੀ ਹੋਣ ਵਿਚ ਉਦਯੋਗਕੀ ਕਿਵੇ ਸਹਾਇਤਾ ਕਰਦੀ ਹੈ ? ਉਦਾਹਰਣ ਦੇ ਕੇ ਵਿਆਖਿਆ ਕਰੋ । **4**

www.careerindia.com